# ***ਪ੍ਰੈਸ ਨੋਟ***
## ***(ਫਿਰੋਜ਼ਪੁਰ ਪੁਲਿਸ)***

ਜਿਲ੍ਹਾ ਪੁਲਿਸ ਫਿਰੋਜਪੁਰ ਵੱਲੋਂ ਐਨ.ਡੀ.ਪੀ.ਐਸ ਐਕਟ 1985 ਤਹਿਤ ਪਾਬੰਦੀ ਸ਼ੁਦਾ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰਕੇ ਗੁਰਭੇਜ ਸਿੰਘ ਉਰਫ ਭੇਜਾ ਪੁੱਤਰ ਆਤਮਾ ਸਿੰਘ ਵਾਸੀ ਨਿਜਾਮ ਵਾਲਾ ਥਾਣਾ ਆਰਿਫ ਕੇ ਜਿਲ੍ਹਾ ਫਿਰੋਜ਼ਪੁਰ ਦੀ **81,73,843/- ਰੁਪਏ ਦੀ** ਬਣਾਈ ਗਈ ਗੈਰ ਕਾਨੂੰਨੀ ਜਾਇਦਾਦ ਅ/ਧ 68-ਐਫ(2) ਐਨ.ਡੀ.ਪੀ.ਐਸ. ਐਕਟ 1985 **ਤਹਿਤ ਫਰੀਜ਼ ਕਰਵਾਈ ਗਈ ਹੈ**, **12 ਨਸ਼ਾ ਤਸਕਰਾਂ** ਦੀ ਗੈਰ ਕਾਨੂੰਨੀ ਜਾਇਦਾਦ ਦੇ ਫਰੀਜਿੰਗ ਆਰਡਰ ਅ/ਧ 68-ਐਫ ਐਨ.ਡੀ.ਪੀ.ਐਸ. ਐਕਟ 1985 ਤਹਿਤ ਤਿਆਰ ਕਰਕੇ ਕੰਪੀਟੈਂਟ ਅਥਾਰਿਟੀ ਨਵੀ ਦਿੱਲੀ ਪਾਸ ਭੇਜੇ ਜਾ ਚੁੱਕੇ ਹਨ, ਨਸ਼ਿਆ ਵਿਰੁੱਧ ਕਾਰਵਾਈ ਕਰਦੇ ਹੋਏ **15 ਹੋਰ ਨਸ਼ਾ ਤਸਕਰਾ** ਦੀ ਪ੍ਰਾਪਰਟੀ ਅਟੈਚ ਕਰਵਾਉਣ ਸਬੰਧੀ ਜਾਬਤੇ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ।

**ਜਿਲ੍ਹਾ ਪੁਲਿਸ ਫਿਰੋਜ਼ਪੁਰ ਵੱਲੋ** ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ. ਪੰਜਾਬ ਜੀ ਦੇ ਦਿਸ਼ਾਂ ਨਿਰਦੇਸ਼ਾ ਅਨੁਸਾਰ ਐਨ.ਡੀ.ਪੀ.ਐਸ ਐਕਟ 1985 ਤਹਿਤ ਪਾਬੰਦੀਸ਼ੁਦਾ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆ ਪਰ ਪੂਰੀ ਤਰਾਂ ਠੱਲ ਪਾਉਣ ਲਈ ਹਰ ਸੰਭਵ ਕੋਸ਼ਿਸ ਕੀਤੀ ਜਾ ਰਹੀ ਹੈ। ਇਸ ਮੁਹਿਮ ਤਹਿਤ ਜਿਲ੍ਹਾ ਪੁਲਿਸ ਦੁਆਰਾ ਜਿਲ੍ਹਾ ਦੇ ਸਮੂਹ ਗਜਟਿਡ ਅਧਿਕਾਰੀਆ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ।

ਇਸ ਮੁਹਿੰਮ ਤਹਿਤ ਸ਼੍ਰੀ ਰਣਧੀਰ ਕੁਮਾਰ, ਆਈ.ਪੀ.ਐਸ, ਕਪਤਾਨ ਪੁਲਿਸ (ਇੰਨ:) ਫਿਰੋਜਪੁਰ, ਦੀ ਨਿਗਰਾਨੀ ਹੇਠ ਕੰਮ ਕਰ ਰਹੀ ਪੁਲਿਸ ਟੀਮਾਂ ਵੱਲੋਂ ਗੁਰਭੇਜ ਸਿੰਘ ਉਕਤ ਤੋਂ 03 ਕਿਲੋ 666 ਗ੍ਰਾਂਮ ਹੈਰੋਇਨ ਬਰਾਮਦ ਹੋਣ ਤੇ ਇਸ ਦੇ ਖਿਲਾਫ **ਮੁਕੱਦਮਾ ਨੰ. 182** ਮਿਤੀ 04.11.2020 ਅ/ਧ 21/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ ਜਲਾਲਾਬਾਦ, ਜਿਲ੍ਹਾ ਫਾਜਿਲਕਾ ਵਿੱਚ ਦਰਜ ਰਜਿਸਟਰ ਹੋਇਆਂ ਸੀ। ਮੁਕੱਦਮਾ ਜੇਰੇ ਸਮਾਇਤ ਅਦਾਲਤ ਹੈ।**ਗੁਰਭੇਜ ਸਿ**ੰਘ ਉਰਫ ਭੇਜਾ ਉਕਤ ਦਾ ਪਿੰਡ ਨਿਜਾਮ ਵਾਲੇ ਵਿਖੇ ਬਣਿਆ 23.91 ਮਰਲਾ ਦਾ ਮਕਾਨ ਜਿਸ ਦੀ ਕੀਮਤ **26,24,000/-** ਰੁਪਏ, ਮਹਿੰਦਰ ਕੌਰ ਪਤਨੀ ਆਤਮਾ ਸਿੰਘ ਦੀ ਪਿੰਡ ਨਿਜਾਮ ਵਾਲਾ ਵਿਖੇ 16 ਕਨਾਲ ਜਮੀਨ ਜਿਸ ਦੀ ਕੀਮਤ 16,50,000/- ਰੁਪਏ ਸੀ, ਮਹਿੰਦਰ ਕੌਰ ਪਤਨੀ ਆਤਮਾ ਸਿੰਘ ਦੀ ਪਿੰਡ ਨਿਜਾਮ ਵਾਲਾ ਵਿਖੇ 10 ਕਨਾਲ, 18 ਮਰਲੇ ਦੀ ਜਮੀਨ ਜਿਸ ਦੀ ਕੀਮਤ 11,24,062/- ਰੁਪਏ ਸੀ, ਮਹਿੰਦਰ ਕੌਰ ਪਤਨੀ ਆਤਮਾ ਸਿੰਘ ਦੀ ਪਿੰਡ ਨਿਜਾਮ ਵਾਲਾ ਵਿਖੇ 26 ਕਨਾਲ,18 ਮਰਲੇ ਜਮੀਨ ਜਿਸ ਦੀ ਕੀਮਤ 27,75,781/- ਰੁਪਏ ਸੀ, ਇਸ ਤਰਾਂ **ਇਸ ਕੁੱਲ ਜਾਇਦਾਦ 81,73,843/-** ਰੁਪਏ ਗੈਰ ਕਾਨੂੰਨੀ ਜਾਇਦਾਦ ਨੂੰ ਅ/ਧ 68-ਐਫ(2) ਐਨ.ਡੀ.ਪੀ.ਐਸ. ਐਕਟ 1985 ਤਹਿਤ ਫਰੀਜ਼ ਕਰਵਾਇਆ ਗਿਆ ਹੈ, ਇਹਨਾਂ ਹੁਕਮਾ ਤਹਿਤ **ਅੱਜ ਹਲਕਾ ਡੀ.ਐੱਸ.ਪੀ ਸ਼ਹਿਰੀ ਫਿਰੋਜ਼ਪੁਰ, ਮੁੱਖ ਅਫਸਰ ਆਰਿਫ ਕੇ ਵੱਲੋਂ ਫਰੀਜਿੰਗ ਦੇ**

ਆਰਡਰਾਂ ਨੂੰ ਗੁਰਭੇਜ ਸਿੰਘ ਉਰਫ ਭੇਜਾ ਉਕਤ ਦੇ ਘਰ ਦੇ ਬਾਹਰ ਚਿਪਕਾਇਆ ਗਿਆ ਹੈ।



ਗੁਰਭੇਜ ਸਿੰਘ ਉਰਫ ਭੇਜਾ






**ਇਸ ਤਰਾਂ ਸਾਲ 2023 ਦੌਰਾਨ ਨਸ਼ਾ ਤਸਕਰਾ ਵੱਲੋਂ** ਐਨ.ਡੀ.ਪੀ.ਐਸ ਐਕਟ 1985 ਤਹਿਤ ਪਾਬੰਦੀਸ਼ੁਦਾ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰਕੇ **ਨਜਾਇਜ ਸਾਧਨਾਂ ਰਾਹੀ ਬਣਾਈ** ਗਈ **18 ਕੇਸਾਂ ਦੀ ਕੁੱਲ 9,16,76,765/- ਰੁਪਏ ਦੀ** ਗੈਰ ਕਾਨੂੰਨੀ ਜਾਇਦਾਦ **ਨੂੰ ਫਰੀਜ਼ ਕਰਵਾਈ ਜਾ ਚੁੱਕੀ ਹੈ।** ਜਿਸ ਕਰਕੇ ਸਬੰਧਿਤ ਨਸ਼ਾ ਤਸਕਰ ਹੁਣ ਇਸ ਗੈਰ-ਕਾਨੂੰਨੀ ਜਾਇਦਾਦ ਨੂੰ ਕਿਸੇ ਵੀ ਵਿਅਕਤੀ ਨੂੰ ਵੇਚ/ਟਰਾਂਸਫਰ ਨਹੀ ਕਰ ਸਕਦੇ।

**12 ਨਸ਼ਾ ਤਸਕਰਾਂ** ਦੀ ਗੈਰ ਕਾਨੂੰਨੀ ਜਾਇਦਾਦ ਦੇ ਫਰੀਜਿੰਗ ਆਰਡਰ ਅ/ਧ 68-ਐਫ ਐਨ.ਡੀ.ਪੀ.ਐਸ. ਐਕਟ 1985 ਤਹਿਤ ਤਿਆਰ ਕਰਕੇ ਕੰਪੀਟੈਂਟ ਅਥਾਰਿਟੀ ਨਵੀ ਦਿੱਲੀ ਪਾਸ ਭੇਜੇ ਜਾ ਚੁੱਕੇ ਹਨ।

ਇਸ ਤੋਂ ਇਲਾਵਾ ਨਸ਼ਿਆ ਵਿਰੁੱਧ ਕਾਰਵਾਈ ਕਰਦੇ ਹੋਏ **15 ਹੋਰ ਨਸ਼ਾ ਤਸਕਰਾ** ਦੀ ਪ੍ਰਾਪਰਟੀ ਜਬਤ ਕਰਵਾਉਣ ਸਬੰਧੀ ਜਾਬਤੇ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ।

**ਪੜਤਾਲ ਦੌਰਾਨ ਗੁਰਬੇਜ ਸਿੰਘ ਉਰਫ ਭੇਜਾ ਉਕਤ ਤੇ ਹੇਠ ਲਿਖੇ ਮੁਕਦਮੇ ਦਰਜ ਹੋਣੇ ਤਸਦੀਕ ਹੋਏ ਹਨ:-**

1) ਮੁਕੱਦਮਾ ਨੰ. 03 ਮਿਤੀ 05.01.2010 ਅ/ਧ 489 ਏ.ਬੀ.ਸੀ,420 ਆਈ.ਪੀ.ਸੀ ਥਾਣਾ ਮੱਲਾਂਵਾਲਾ।
2) ਮੁਕੱਦਮਾ ਨੰ. 15 ਮਿਤੀ 02.03.2011 ਅ/ਧ 489 ਏ.ਬੀ.ਸੀ,420 ਆਈ.ਪੀ.ਸੀ ਥਾਣਾ ਮੱਲਾਂਵਾਲਾ।

3) ਮੁਕੱਦਮਾ ਨੰ. 18 ਮਿਤੀ 09.11.2016 ਅ/ਧ 21/25/29/61/85 ਐਨ.ਡੀ.ਪੀ.ਐਸ ਐਕਟ ਥਾਣਾ ਐਸ. ਐਸ.ਓ.ਸੀ ਅੰਮ੍ਰਿਤਸਰ।
4) ਮੁਕੱਦਮਾ ਨੰ. 158 ਮਿਤੀ 11.07.2017 ਅ/ਧ 22/61/85 ਐਨ.ਡੀ.ਪੀ.ਐਸ ਐਕਟ ਥਾਣਾ ਮੇਹਰਬਾਨ ਲੁਧਿਆਣਾ।
5) ਮੁਕੱਦਮਾ ਨੰ. 69 ਮਿਤੀ 15.08.2019 ਅ/ਧ 22 ਐਨ.ਡੀ.ਪੀ.ਐਸ ਐਕਟ ਥਾਣਾ ਵਲਟੋਹਾ ਤਰਨਤਾਰਨ
6) ਮੁਕੱਦਮਾ ਨੰ. 94 ਮਿਤੀ 01.10.2017 ਅ/ਧ 21/61/85 ਐਨ.ਡੀ.ਪੀ.ਐਸ ਐਕਟ ਥਾਣਾ ਮੱਲਾਂਵਾਲਾ।
7) ਮੁਕੱਦਮਾ ਨੰ. 182 ਮਿਤੀ 04.11.2020 ਅ/ਧ 21/22/23/29 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ ਜਲਾਲਾਬਾਦ।